This question paper contains 3 printed pages]

*Your Roll No*...............

**546**

B

**B.A. (PROGRAMME)/II**

**(T)**

PUNJABI DISCIPLINE—Paper II

(Optional)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

*(Write your Roll No. on the top immediately on receipt of this question paper.)*

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. "ਪੀਲੂ ਰਚਿਤ 'ਕਿੱਸਾ ਮਿਰਜ਼ਾ ਸਾਹਿਬਾਂ' ਵਿਚ ਵੰਡੀ ਹੋਈ ਮਾਨਸਿਕਤਾ ਦਾ ਬਿੰਬ ਉਭਰਦਾ ਹੈ ।" ਚਰਚਾ ਕਰੋ ।

ਜਾਂ

ਵਾਰਿਸ ਸ਼ਾਹ ਰਚਿਤ 'ਕਿੱਸਾ ਹੀਰ ਰਾਂਝਾ' ਦੀ ਸਾਹਿਤਕ ਪੜਚੋਲ ਕਰੋ । 15

P.T.O.

2. ਹੇਠ ਲਿਖੇ ਇਕਾਂਗੀਆਂ ਵਿਚੋਂ ਕਿਸੇ ਇਕ ਦੀ ਸਾਹਿਤਕ ਪੜਚੋਲ ਕਰੋ :

(i) ਜਫ਼ਰਨਾਮਾ ।

(ii) ਕੱਚ ਦਾ ਗਜਰਾ ।

(iii) ਸੁਹਾਗ । 15

3. ਹੇਠ ਲਿਖਿਆਂ ਵਿਚੋਂ ਦੋ ਵਾਕਾਂ ਤੇ ਉਨ੍ਹਾਂ ਦੇ ਸ਼ਬਦ ਜੋੜਾਂ ਨੂੰ ਸ਼ੁੱਧ ਕਰ ਕੇ ਲਿਖੋ :

(i) ਇਕੱਲਾ ਸੀ ਉਹ ਤਾ ਇਸ ਸੁਨਸਾਨ ਵਿਚ ।

(ii) ਪਿੰਡ ਹਿ ਆਪਣ ਬਜਾਜੀ ਹਟੀਦੀਪਾ ਲਈ ਫਿਰ ਉਹਨੇ ।

(iii) ਫਿਰਨ ਲਗ ਜਾਦਾ ਹਥ ਉਹਦਾ ਉਤੇ ਵਧੀ ਰੋਗਤ ।

(iv) ਆਧਨਿਕ ਕਵੀਤਾ ਦੇ ਪੰਜਾਬੀ ਕਵਿ ਮੋਢੀ ਭਾਇ ਵੀਰ ਸਿੰਗ ਸਨ । 10

4. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

"ਪੁਸਤਕਾਂ ਮਨੁੱਖ ਦੀ ਹਜ਼ਾਰਾਂ ਸਾਲਾਂ ਦੀ ਸਿਆਣਪ ਤੇ ਅਨੁਭਵ ਦਾ ਨਿਚੋੜ ਹਨ । ਕਈ ਪੁਸਤਕਾਂ ਮਹਾਨ ਸੰਤਾਂ, ਗੁਰੂਆਂ ਪੀਰਾਂ, ਫਕੀਰਾਂ ਦੇ ਜੀਵਨ ਬਾਰੇ ਦਸਦੀਆਂ ਹਨ । ਪੁਸਤਕਾਂ ਹਰ ਸਮੇਂ ਕੰਮ ਆਉਣ ਵਾਲਾ ਇਕ ਚੰਗਾ, ਸੁਹਿਰਦ ਮਿੱਤਰ ਹਨ । ਮਨੁੱਖ ਨੂੰ ਆਤਮਕ ਤੇ ਦਿਮਾਗੀ ਤੌਰ ਤੇ ਅਮੀਰ ਕਰਦੀਆਂ ਹਨ । ਉਤਮ ਪੁਸਤਕਾ ਬਾਰੇ ਗੰਗਾਧਰ ਤਿਲਕ ਲਿਖਦੇ ਹਨ, ਮੈਂ ਨਰਕ ਵਿਚ ਵੀ ਉਤਮ ਪੁਸਤਕਾਂ ਦਾ ਸੁਆਗਤ ਕਰਾਂਗਾ ਕਿਉਂਕਿ ਇਨ੍ਹਾਂ ਵਿਚ ਸ਼ਕਤੀ ਹੈ ਜਿੱਥੇ ਉਹ ਹੋਣਗੀਆ ਆਪਣੇ ਆਪ ਹੀ ਉਹ ਸਵਰਗ ਬਣ ਜਾਵੇਗਾ । ਇਸ ਲਈ ਕਿਸੇ ਚੰਗੀ ਪੁਸਤਕ ਦਾ ਨੁਕਸਾਨ ਕਰਨ ਦਾ ਅਰਥ ਹੈ ਕਿਸੇ ਚੰਗੇ ਮਨੁੱਖ ਦੀ ਆਤਮਾ ਨੂੰ ਨੁਕਸਾਨ

ਪਹੁੰਚਾਉਣਾ । ਚੰਗੀਆ ਤੇ ਖ਼ੂਬਸੂਰਤ ਪੁਸਤਕਾਂ ਚੁਣੋ ਅਤੇ ਪੜ੍ਹੋ ਦੂਸਰਿਆ ਨੂੰ ਵੀ ਪੜ੍ਹਣ ਦੀ ਪ੍ਰੇਰਣਾ ਦੇਵੋ ।"

ਪ੍ਰਸ਼ਨ :

(*i*) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ ।

(*ii*) ਪੁਸਤਕਾਂ ਦੇ ਕੀ ਲਾਭ ਹਨ ?

(*iii*) ਪੁਸਤਕਾਂ ਬਾਰੇ ਗੰਗਾਧਰ ਤਿਲਕ ਦੇ ਕੀ ਵਿਚਾਰ ਸਨ ?

(*iv*) ਕਿਸੇ ਚੰਗੀ ਪੁਸਤਕ ਦਾ ਨੁਕਸਾਨ ਕਰਨਾ ਕਿਸ ਦੇ ਬਰਾਬਰ ਹਨ ?

(*v*) ਚੰਗੀਆਂ ਪੁਸਤਕਾਂ ਲਈ ਤੁਹਾਨੂੰ ਕੀ ਕਰਨਾ ਚਾਹੀਦਾ ਹੈ ? 10

5. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਿਖੋ :

(*i*) ਮਕਾਨ ਵੇਚਣ ਵਾਸਤੇ ਇੱਕ ਵਿਗਿਆਪਨ ਲਿਖੋ । 5

(*ii*) ਪੰਜਾਬੀ ਲੋਕ ਸਾਹਿਤ ਬਾਰੇ ਸੰਖੇਪ ਜਾਣਕਾਰੀ ਦਿਉ । 5

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜਾਹ ਪੰਜਾਹ ਸ਼ਬਦਾਂ ਵਿਚ ਲਿਖੋ :

(*i*) 'ਵਾਰ' ਕਿਸ ਬਾਰੇ ਲਿਖੀ ਜਾਂਦੀ ਹੈ ?

(*ii*) 'ਜੁਤੀਆਂ ਦਾ ਜੋੜਾ' ਇਕਾਂਗੀ ਦੇ ਨਾਂ ਬਾਰੇ ਚਰਚਾ ਕਰੋ ।

(*iii*) 'ਬੰਬ ਕੇਸ' ਇਕਾਂਗੀ ਦੀ ਮੂਲ ਸਮੱਸਿਆ ਕੀ ਸੀ ?

(*iv*) 'ਕਿੱਸਾ ਪੂਰਨ ਭਗਤ' ਵਿਚ ਕਿਹੜੀ ਮਿਥਕ ਕਹਾਣੀ ਨੂੰ ਆਧਾਰ ਬਣਾਇਆ ਗਿਆ ?

(*v*) 'ਨਵ-ਦੀਪਿਕਾ' ਪੁਸਤਕ ਵਿਚ ਕੁਲ ਕਿੰਨੀਆਂ ਰਚਨਾਵਾਂ ਹਨ ਅਤੇ ਇਸ ਪੁਸਤਕ ਦੇ ਸੰਪਾਦਕ ਦਾ ਨਾਮ ਲਿਖੋ । $5 \times 3 = 15$